# ਮ੍ਰਿਗੀ ਦਾ ਦੌਰਾ ਪੈਣ 'ਤੇ ਪੁਲਿਸ ਸੁਸ਼ਮਾ ਕੌਰ ਤੱਕ ਪਹੁੰਚਣ 'ਚ ਨਾਕਾਮ ਰਹੀ

## ਭੈਣ ਦੀ ਮੌਤ ਕਾਰਨ ਭਰਾ ਪੁਲਿਸ ਵਿਰੁੱਧ ਮੁਕੱਦਮਾ ਕਰੇਗਾ


ਮ੍ਰਿਤਕ ਸੁਸ਼ਮਾ ਕੌਰ

ਇਲਫੋਰਡ – ਇਥੇ ਗੌਰਡਨ ਰੋਡ 'ਤੇ ਰਹਿਣ ਵਾਲੀ ਪੰਜਾਬਣ ਲੜਕੀ ਸੁਸ਼ਮਾ ਕੌਰ (ਉਮਰ 25 ਸਾਲ) 23 ਜਨਵਰੀ ਨੂੰ ਆਪਣੇ ਘਰ ਦੇ ਬਾਥਰੂਮ ਵਿਚ ਆਪਣੀ ਜਾਨ ਤੋਂ ਹੱਥ ਧੋ ਬੈਠੀ ਸੀ। ਉਸ ਦੇ ਭਰਾ ਰਮੇਸ਼ ਸਿੰਘ (30 ਸਾਲ) ਨੇ ਮੀਡੀਏ ਨੂੰ ਦੱਸਿਆ ਕਿ ਘਟਨਾ ਵਾਲੇ ਦਿਨ ਉਹਦੀ ਭੈਣ ਦੇ 7 ਸਾਲਾ ਲੜਕੇ ਨੇ ਗੁਆਂਢੀਆਂ ਨੂੰ ਜਦੋਂ ਦੱਸਿਆ ਕਿ ਉਸ ਦੀ ਮਾਂ ਬਾਥਰੂਮ ਵਿਚ ਹੈ ਤੇ ਉਸ ਨੂੰ ਉਥੇ ਕੁਝ ਠੀਕ ਨਹੀਂ ਲਗਦਾ ਤਾਂ ਗੁਆਂਢੀਆਂ ਨੇ ਤੁਰੰਤ 4:45 ਮਿੰਟ ਤੇ ਪੁਲਿਸ ਨੂੰ ਬੁਲਾ ਲਿਆ। ਪੁਲਿਸ ਅਫ਼ਸਰ ਪਹੁੰਚ ਤਾਂ ਗਏ ਪਰ ਉਹ ਦਰਵਾਜ਼ਾ ਭੰਨ ਕੇ ਅੰਦਰ ਨਹੀਂ ਗਏ ਬਲਕਿ ਇਸ ਵਾਸਤੇ ਹੋਰ ਵਿਸ਼ੇਸ਼ ਯੂਨਿਟ ਨੂੰ 16 ਮਿੰਟ ਤੱਕ ਉਡੀਕਦੇ ਰਹੇ। ਉਨ੍ਹਾਂ ਦੱਸਿਆ ਕਿ ਸੁਸ਼ਮਾ ਕੌਰ ਮ੍ਰਿਗੀ ਦੀ ਬਿਮਾਰੀ ਤੋਂ ਪੀੜਤ ਸੀ।

ਉਸ ਨੇ ਦੱਸਿਆ ਕਿ ਜਦੋਂ ਸੁਸ਼ਮਾ ਕੌਰ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਰਮੇਸ਼ ਸਿੰਘ ਨੇ ਕਿਹਾ ਕਿ ਇਹਦੇ ਨਾਲੋਂ ਤਾਂ ਚੰਗਾ ਸੀ ਕਿ ਕਿਸੇ ਰਾਹ ਜਾਂਦੇ ਮਾੜੇ ਮੋਟੇ ਘਰਾਂ ਦਾ ਕੰਮ ਕਰਨ ਵਾਲੇ ਮਿਸਤਰੀ ਨੂੰ ਅਵਾਜ਼ ਦੇ ਦਿੱਤੀ ਜਾਂਦੀ ਤਾਂ ਉਸ ਨੇ ਬਾਥਰੂਮ ਦਾ ਦਰਵਾਜ਼ਾ ਪਲ ਵਿਚ ਖੋਹਲ ਦੇਣਾ ਸੀ, ਤੇ ਉਸ ਦੀ ਭੈਣ ਅਤੇ ਮਾਸੂਮ ਬੱਚੇ ਦੀ ਮਾਂ ਦੀ ਜਾਨ ਬਚ ਜਾਂਦੀ। ਉਹਨੇ ਕਿਹਾ ਕਿ ਪਤਾ ਨਹੀਂ ਪੁਲਿਸ ਅਫ਼ਸਰ ਮੌਕੇ ਤੇ ਪਹੁੰਚ ਕੇ ਵੀ ਬਾਥਰੂਮ ਵਿਚੋਂ ਉਸ ਦੀ ਭੈਣ ਨੂੰ ਬਾਹਰ ਕੱਢਣ 'ਚ ਕਿਉਂ ਨਾਕਾਮ ਰਹੇ। ਉਸ ਨੇ ਕਿਹਾ ਕਿ ਉਹ ਪੁਲਿਸ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਚਾਹੁੰਦੇ ਹਨ। ਇਸ ਮੁਕੱਦਮੇ ਦੀ ਸੁਣਵਾਈ ਵਾਲਥਮਸਟੋਅ ਕੋਰੋਨਰ ਕੋਰਟ ਵਿਚ ਹੋ ਰਹੀ ਹੈ, ਜੋ ਕਿ 11 ਫਰਵਰੀ ਨੂੰ ਸ਼ੁਰੂ ਹਹ ਗਿਆ ਹੈ। ਆਈ ਪੀ ਸੀ ਸੀ ਦੇ ਕਮਿਸ਼ਨਰ ਰੇਸ਼ਲ ਨੇ ਕਿਹਾ ਕਿ ਸੁਸ਼ਮਾ ਕੌਰ ਦੀ ਮੌਤ ਨਾਲ ਉਹਦੇ ਪਰਿਵਾਰ ਨੂੰ ਬਹੁਤ ਦੁੱਖ ਹੋਇਆ ਹੈ, ਇਸ ਲਈ ਇਸ ਘਟਨਾ ਸਬੰਧੀ ਹੋ ਰਹੀ ਵਿਸ਼ੇਸ਼ ਜਾਂਚ ਬਾਰੇ ਇਕ ਅਫ਼ਸਰ ਮੁਕੱਰਰ ਕੀਤਾ ਹੈ, ਜਿਸ ਵੱਲੋਂ ਪਰਿਵਾਰ ਨੂੰ ਸਮੇਂ ਸਮੇਂ ਸਾਰੀ ਜਾਣਕਾਰੀ ਦਿੱਤੀ ਜਾਵੇਗੀ।

# ਗੰਭੀਰ ਸੜਕ ਦੁਰਘਟਨਾਵਾਂ ਨੇ ਜਾਨ ਜੋਖੋਂ ਵਿਚ ਪਾਈ


ਦੁਰਘਟਨਾ ਗ੍ਰਸਤ ਹੋਈ ਕਾਰ

ਬੀਤੇ ਦਿਨੀਂ ਵੱਖ ਵੱਖ ਸੜਕ ਘਟਨਾਵਾਂ ਹੋਣ ਦੇ ਸਮਾਂਚਾਰ ਮਿਲੇ ਹਨ। ਵੈਸਟ ਮਿਡਲੈਂਡ ਦੀਆਂ ਸੜਕਾਂ 'ਤੇ ਗੱਡੀਆਂ ਦੇ ਭਿੜਨ ਦੀਆਂ ਦੁਰਘਟਨਾਵਾਂ ਦੌਰਾਨ ਇਕ 10 ਸਾਲਾ ਲੜਕਾ ਤੇ ਇਕ 20 ਸਾਲਾ ਡਰਾਈਵਰ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਤੇ ਉਹ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਵੁਲਵਰਹੈਂਪਟਨ ਅਤੇ ਸ਼ਿਫਨਲ ਵਿਖੇ ਦੋਵਾਂ ਦੇ ਸਿਰ ਵਿਚ ਗੰਭੀਰ ਸੱਟਾਂ ਵੱਜਣ ਕਾਰਨ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਸੇ ਤਰ੍ਹਾਂ ਬ੍ਰਾਈਰਲੀ ਹਿਲ ਦੇ ਹਾਬੁਸ਼ ਰੋਡ ਤੇ ਇਕ ਹੋਰ ਦੁਰਘਟਨਾ ਵਿਚ 17 ਸਾਲਾ ਮੋਟਰਸਾਈਕਲ ਸਵਾਰ ਦਾ 1400 ਸੀ ਸੀ ਸੁਜ਼ੂਕੀ ਮੋਟਰਸਾਈਕਲ ਫੋਰਡ ਫੋਕਸ ਕਾਰ ਦੇ ਨਾਲ ਟਕਰਾ ਗਿਆ।

ਵੁਲਵਰਹੈਂਪਟਨ ਦੇ ਬੁਸ਼ਬਰੀ ਇਲਾਕੇ ਵਿਚ ਆਪਣੇ ਘਰ ਦੇ ਬਾਹਰ 10 ਸਾਲਾ ਲੜਕਾ ਖੇਡਦਾ ਹੋਇਆ ਲਾਲ ਰੰਗ ਦੀ ਔਡੀ ਕਾਰ ਨਾਲ ਟਕਰਾ ਕੇ ਬੁਰੀ ਤਰ੍ਹਾਂ ਫੱਟੜ ਹੋ ਗਿਆ। ਡਰਾਈਵਰ ਪਾਸੋਂ ਪੁਲਿਸ ਵੱਲੋਂ ਪੁੱਛ ਪੜਤਾਲ ਕੀਤੀ ਗਈ ਤੇ ਕੁਝ ਸਮੇਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ, ਦੁਰਘਟਨਾ ਬਾਰੇ ਜਾਂਚ ਅਜੇ ਜਾਰੀ ਹੈ। ਦੂਜੀ ਦੁਰਘਟਨਾ ਦੌਰਾਨ ਇਕ ਨੌਜਵਾਨ ਦੀ ਕਾਰ ਸ਼ਿਫਨਲ ਵਿਖੇ ਹਾਉਟਨ ਲੇਨ 'ਤੇ ਇਕ ਦਰਖਤ ਨਾਲ ਟਕਰਾ ਗਈ ਤੇ ਉਸ ਡਰਾਈਵਰ ਨੂੰ ਹੈਲੀਕਾਪਟਰ ਰਾਹੀਂ ਸੈਲੀ ਓਕ ਹਸਪਤਾਲ ਪਹੁੰਚਾਇਆ ਗਿਆ। ਸ਼ਨਿੱਚਰਵਾਰ ਨੂੰ ਇਕ ਹੋਰ ਦੁਰਘਟਨਾ ਦੌਰਾਨ ਦੋ ਹੋਰ ਵਿਅਕਤੀ ਜ਼ਖਮੀ ਹੋ ਗਏ, ਜਦੋਂ ਕਿ ਕਾਰ ਦੀ ਛੱਤ ਹੀ ਉਤੋਂ ਉਡ ਗਈ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਤਿਹਾੜ ਜੇਲ ਤੋਂ ਪੰਜਾਬ ਤਬਦੀਲ ਕਰਨ ਲਈ ਕਾਰਵਾਈ ਸ਼ੁਰੂ



ਨਵੀਂ ਦਿੱਲੀ-ਤਿਹਾੜ ਜੇਲ ਦੇ ਉੱਚ ਸੁਰੱਖਿਆ ਵਾਲੇ ਸੈੱਲ ਵਿਚ ਕੈਦ ਖਾੜਕੂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਛੇਤੀ ਹੀ ਤਿਹਾੜ ਜੇਲ ਤੋਂ ਮੁਕਤੀ ਮਿਲ ਸਕਦੀ ਹੈ। ਸੂਤਰਾਂ ਮੁਤਾਬਕ ਜਨਵਰੀ ਵਿਚ ਪ੍ਰੋ. ਭੁੱਲਰ ਨੇ ਅਪਣੇ ਵਕੀਲ ਰਾਹੀਂ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਮੁਲਾਕਾਤ ਕਰਨ ਲਈ ਆਉਣ ਸਮੇਂ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜੇਲ ਵਿਚ ਤਬਦੀਲ ਕੀਤਾ ਜਾਵੇ। ਪ੍ਰੋ. ਭੁੱਲਰ ਨੇ ਦਲੀਲ ਦਿੱਤੀ ਸੀ ਕਿ ਸੁਪਰੀਮ ਕੋਰਟ ਨੇ ਵੀ ਇਕ ਮਾਮਲੇ 'ਚ ਆਦੇਸ਼ ਦਿੱਤੇ ਸਨ ਕਿ ਜਿਹੜਾ ਕੈਦੀ ਜਿਸ ਸੂਬੇ ਦਾ ਹੈ, ਉਸ ਨੂੰ ਉਸੇ ਸੂਬੇ ਦੀ ਜੇਲ ਵਿਚ ਰਖਿਆ ਜਾਵੇ। ਗ੍ਰਹਿ ਮੰਤਰਾਲੇ ਨੇ ਪ੍ਰੋ. ਭੁੱਲਰ ਦੀ ਇਸ ਮੰਗ ਨੂੰ ਦਿੱਲੀ ਸਰਕਾਰ ਕੋਲ ਭੇਜ ਦਿੱਤਾ ਸੀ ਅਤੇ ਹੁਣ ਦਿੱਲੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਪੁਛਿਆ ਹੈ ਕਿ ਕੀ ਉਹ ਪ੍ਰੋ. ਭੁੱਲਰ ਨੂੰ ਆਪਣੀ ਕਿਸੇ ਜੇਲ ਵਿਚ ਰੱਖਣ ਨੂੰ ਤਿਆਰ ਹੈ? ਸੂਤਰਾਂ ਨੇ ਦੱਸਿਆ ਕਿ ਦਿੱਲੀ ਸਰਕਾਰ ਨੇ ਟਰਾਂਸਫ਼ਰ ਆਫ਼ ਪ੍ਰਿਜ਼ਨਰ ਐਕਟ ਤਹਿਤ ਪੰਜਾਬ ਸਰਕਾਰ ਤੋਂ ਰਾਏ ਮੰਗੀ ਹੈ।

# ਕਾਂਗਰਸ ਦੇ ਸਥਾਪਨਾ ਦਿਵਸ 'ਤੇ ਪ੍ਰਧਾਨ ਮੰਤਰੀ ਤੇ ਸੋਨੀਆ ਗਾਂਧੀ ਅੰਮ੍ਰਿਤਸਰ ਆਉਣਗੇ!

## ☛ 13 ਅਪ੍ਰੈਲ ਨੂੰ ਜਲ੍ਹਿਆਂਵਾਲੇ ਬਾਗ ਵਿਖੇ ਸ਼ਹੀਦਾ ਨੂੰ ਸ਼ਰਧਾਂਜਲੀ ਭੇਂਟ ਕਰਨਗੇ



ਚੰਡੀਗੜ੍ਹ-ਕਾਂਗਰਸ ਦੇ ਸਥਾਪਨਾ ਦਿਵਸ ਨਾਲ ਸੰਬੰਧਿਤ ਚਾਲੂ ਸਾਲ ਦੌਰਾਨ ਦੇਸ਼ ਭਰ ਵਿਚ ਕੀਤੇ ਜਾਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 13 ਅਪ੍ਰੈਲ ਵਿਸਾਖੀ ਮੌਕੇ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨ ਨਾਲ ਕਰਨਾ ਚਾਹੁੰਦੇ ਹਨ, ਜਦੋਂ ਕਿ ਇਸੇ ਦਿਨ ਸ਼ਾਮ ਨੂੰ ਅੰਮ੍ਰਿਤਸਰ ਜਲ੍ਹਿਆਂਵਾਲਾ ਬਾਗ ਵਿਖੇ ਕੇਂਦਰ ਸਰਕਾਰ ਵੱਲੋਂ ਇਕ ਲਾਈਟ ਐਂਡ ਸਾਊਂਡ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਜਾ ਰਿਹਾ ਹੈ, ਜਿਸ ਰਾਹੀਂ ਜਲ੍ਹਿਆਂਵਾਲਾ ਬਾਗ ਦੀ 1919 ਦੌਰਾਨ ਵਾਪਰੀ ਘਟਨਾ ਨੂੰ ਨੌਜਵਾਨ ਪੀੜ੍ਹੀ ਸਾਹਮਣੇ ਦੁਬਾਰਾ ਰੱਖੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦਿੱਲੀ ਵਿਖੇ ਪੰਜਾਬ ਕਾਂਗਰਸ ਦੀ ਤਾਲਮੇਲ ਕਮੇਟੀ ਦੀ ਹੋਈ ਇਕ ਮੀਟਿੰਗ ਦੌਰਾਨ ਇਸ ਪ੍ਰੋਗਰਾਮ ਦੀ ਰੂਪ ਰੇਖਾ ਨੂੰ ਵਿਚਾਰਿਆ ਗਿਆ। ਲੇਕਿਨ ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਅਤੇ ਕਾਂਗਰਸ ਪ੍ਰਧਾਨ ਦੀਆਂ ਸੁਰੱਖਿਆ ਏਜੰਸੀਆਂ ਉਨ੍ਹਾਂ ਨੂੰ ਰਾਤ ਦੇ ਸਮਾਗਮ ਵਿਚ ਅੰਮ੍ਰਿਤਸਰ ਵਿਖੇ ਸ਼ਮੂਲੀਅਤ ਕਰਨ ਦੀ ਇਜਾਜ਼ਤ ਨਹੀਂ ਦੇ ਰਹੀਆਂ, ਜਿਸ ਕਾਰਨ ਉਕਤ ਦੋਨੋਂ ਆਗੂ ਦਿਨ ਦੇ ਸਮੇਂ ਜਲ੍ਹਿਆਂਵਾਲਾ ਬਾਗ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਕੇ ਵਾਪਸ ਦਿੱਲੀ ਪਰਤ ਜਾਣਗੇ ਜਦੋਂ ਕਿ ਇਸ ਪ੍ਰੋਗਰਾਮ ਦਾ ਉਦਘਾਟਨ ਕਿਸੇ ਹੋਰ ਸੀਨੀਅਰ ਕਾਂਗਰਸੀ ਆਗੂ ਰਾਹੀਂ ਕਰਵਾਇਆ ਜਾ ਸਕਦਾ ਹੈ। ਅੱਜ ਦੀ ਇਸ ਮੀਟਿੰਗ ਦੌਰਾਨ ਲਾਲਾ ਲਾਜਪਤ ਰਾਏ ਅਤੇ ਸਰਦਾਰ ਭਗਤ ਸਿੰਘ ਅਤੇ ਕੂਕਾ ਲਹਿਰ ਨਾਲ ਸੰਬੰਧਿਤ ਪ੍ਰੋਗਰਾਮ ਵੀ ਪੰਜਾਬ ਵਿਚ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਅਜ਼ਾਦੀ ਮੁਹਿੰਮ ਵਿਚਲੀਆਂ ਇਨ੍ਹਾਂ ਅਹਿਮ ਘਟਨਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ।

13 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਇਸ ਮੌਕੇ ਇਕ ਜਨਤਕ ਰੈਲੀ ਕਰਨ ਦੀ ਰਾਏ ਨੂੰ ਬਹੁਤਾ ਸਮਰਥਨ ਨਹੀਂ ਮਿਲ ਸਕਿਆ, ਕਿਉਂਕਿ ਬਹੁਤੇ ਕਾਂਗਰਸੀ ਆਗੂਆਂ ਦੀ ਰਾਏ ਸੀ ਕਿ ਇਸ ਦਿਨ ਖ਼ਾਲਸੇ ਦਾ ਜਨਮ ਦਿਵਸ ਹੋਣ ਕਾਰਨ ਬਹੁਤੇ ਲੋਕ ਤਲਵੰਡੀ ਸਾਬੋ ਅਤੇ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਰੁਝੇ ਹੋਣਗੇ। ਲੇਕਿਨ ਪਾਰਟੀ ਵੱਲੋਂ 28 ਦਸੰਬਰ 2010 ਤੱਕ ਚੱਲਣ ਵਾਲੇ ਇਨ੍ਹਾਂ ਕਾਂਗਰਸ ਸਥਾਪਨਾ ਦਿਵਸ ਸਮਾਗਮਾਂ ਦੌਰਾਨ ਪੰਜਾਬ ਵਿਚ ਅਜ਼ਾਦੀ ਅੰਦੋਲਨ ਨਾਲ ਸੰਬੰਧਿਤ ਵੱਖ ਵੱਖ ਥਾਵਾਂ 'ਤੇ ਜਨਤਕ ਰੈਲੀਆਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ, ਜਿਨ੍ਹਾਂ ਨੂੰ ਕੌਮੀ ਪੱਧਰ ਦੇ ਲੀਡਰ ਵੀ ਸੰਬੋਧਨ ਕਰਨਗੇ। ਦਿੱਲੀ ਵਿਖੇ ਪ੍ਰਦੇਸ਼ ਕਾਂਗਰਸ ਦੀ ਤਾਲਮੇਲ ਕਮੇਟੀ ਦੀ ਹੋਈ ਇਸ ਮੀਟਿੰਗ ਵਿਚ ਤਕਰੀਬਨ ਸਾਰੇ ਆਗੂ ਹਾਜ਼ਰ ਸਨ, ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ. ਪੀ. ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਵੀ ਸ਼ਾਮਲ ਸਨ।

# ਸਰ ਮੋਤਾ ਸਿੰਘ ਨੇ ਬੀ. ਬੀ. ਸੀ. ਦਾ ਏਸ਼ੀਅਨ ਨੈੱਟਵਰਕ ਰੇਡੀਉ ਸਟੇਸ਼ਨ ਬਚਾਉਣ ਦੀ ਮੁਹਿੰਮ ਛੇੜੀ



ਲੰਡਨ-ਬਰਤਾਨੀਆ ਦੇ ਪਹਿਲੇ ਸਿੱਖ ਜੱਜ ਸਰ ਮੋਤਾ ਸਿੰਘ, ਫ਼ਿਲਮ ਅਦਾਕਾਰ ਸ਼ਿਲਪਾ ਸ਼ੈਟੀ ਸਣੇ 100 ਪ੍ਰਸਿੱਧ ਹਸਤੀਆਂ ਨੇ ਬੀ. ਬੀ. ਸੀ. ਦੇ ਏਸ਼ੀਅਨ ਨੈੱਟਵਰਕ ਨੂੰ ਬਚਾਉਣ ਲਈ ਮੁਹਿੰਮ ਛੇੜ ਦਿਤੀ ਹੈ। ਸਰ ਮੋਤਾ ਸਿੰਘ ਨੇ ਬੀ. ਬੀ. ਸੀ. ਟਰੱਸਟ ਦੇ ਚੇਅਰਮੈਨ ਸਰ ਮਾਈਕਲ ਲਿਓਨਜ਼ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਏਸ਼ੀਆ ਨੈੱਟਵਰਕ ਰੇਡੀਉ ਸਟੇਸ਼ਨ ਨੂੰ ਬੰਦ ਕਰਨ ਦਾ ਫ਼ੈਸਲਾ ਹੈਰਾਨ ਕਰ ਦੇਣ ਵਾਲਾ ਹੈ। ਇਹ ਰੇਡੀਉ ਸਟੇਸ਼ਨ ਏਸ਼ੀਆਈ ਮੂਲ ਦੇ ਲੋਕਾਂ ਲਈ ਕਾਫ਼ੀ ਅਹਿਮੀਅਤ ਰੱਖਦਾ ਹੈ। ਰੇਡੀਉ ਸਟੇਸ਼ਨ ਬੰਦ ਹੋਣ ਨਾਲ ਬੀ.ਬੀ.ਸੀ. ਦਾ ਏਸ਼ੀਆਈ ਲੋਕਾਂ ਵਿਚ ਆਧਾਰ ਖ਼ਤਮ ਹੋ ਜਾਵੇਗਾ। ਪੱਤਰ ਉੱਤੇ ਦਸਤਖ਼ਤ ਕਰਨ ਵਾਲਿਆਂ ਵਿਚ ਅਦਾਕਾਰਾ ਅਤੇ ਲੇਖਿਕਾ ਮੀਰਾ ਸਿਆਲ, ਉਲੰਪਿਕ ਬਾਕਸਰ ਆਮਿਰ ਖ਼ਾਨ, ਕ੍ਰਿਕਟ ਖਿਡਾਰੀ ਬਿਕਰਮ ਸੋਲੰਕੀ, ਨਿਰਮਾਤਾ-ਨਿਰਦੇਸ਼ਕ ਗੁਰਿੰਦਰ ਚੱਢਾ, ਲਾਰਡ ਕਮਲੇਸ਼ ਪਟੇਲ, ਲਾਰਡ ਨਵਨੀਤ ਢੋਲਕੀਆ, ਲੈਲਾ ਰਾਓਸ ਅਤੇ ਸੰਜੀਵ ਭਾਸਕਰ ਵੀ ਸ਼ਾਮਲ ਹਨ। ਦੱਸਣਯੋਗ ਹੈ ਕਿ ਇਸ ਰੇਡੀਉ ਸਟੇਸ਼ਨ ਤੋਂ ਅੰਗਰੇਜ਼ੀ ਤੋਂ ਇਲਾਵਾ ਹਿੰਦੀ, ਉਰਦੂ, ਪੰਜਾਬੀ, ਬੰਗਾਲੀ ਅਤੇ ਗੁਜਰਾਤੀ ਵਿਚ ਵੀ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਇਸ ਤੋਂ ਪਹਿਲਾਂ 20 ਹਜ਼ਾਰ ਲੋਕ ਰੇਡੀਉ ਸਟੇਸ਼ਨ ਨੂੰ ਬਚਾਉਣ ਲਈ ਦਸਤਖ਼ਤੀ ਮੁਹਿੰਮ ਵਿਚ ਸ਼ਾਮਲ ਹੋ ਚੁੱਕੇ ਹਨ।

# ਮਨਪ੍ਰੀਤ ਸਿੰਘ ਸਾਥੀ ਨੂੰ ਮਾਰਨ ਦੇ ਦੋਸ਼ ਤੋਂ ਬਰੀ

ਸਲੋਹ – ਬੀਤੇ ਦਿਨੀ ਰੈਡਿੰਗ ਕਰਾਊਨ ਕੋਰਟ ਵਿਚ 20 ਸਾਲਾ ਵਰਿੰਦਰਪਾਲ ਸਿੰਘ ਦੀ ਮੌਤ ਨਾਲ ਸਬੰਧਿਤ ਮੁਕੱਦਮੇ ਦੀ ਸੁਣਵਾਈ ਦੌਰਾਨ ਮਨਪ੍ਰੀਤ ਸਿੰਘ (22 ਸਾਲ) ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਗਿਆ। ਇਹ ਦੋਵੇਂ ਸਲੋਹ ਦੇ ਇਕ ਘਰ ਵਿਚ ਇਕੱਠੇ ਰਹਿੰਦੇ ਸਨ, ਤੇ ਵਰਿੰਦਰਪਾਲ ਸਿੰਘ ਦੀ ਮੌਤ ਹੋ ਗਈ ਸੀ, ਜਿਸ ਦੇ ਦੋਸ਼ ਵਿਚ ਮਨਪ੍ਰੀਤ ਸਿੰਘ ਨੂੰ ਚਾਰਜ ਕੀਤਾ ਗਿਆ ਸੀ। ਪਿਛਲੇ ਸਾਲ ਅਪ੍ਰੈਲ ਮਹੀਨੇ ਵਿਚ ਵਰਿੰਦਰਪਾਲ ਸਿੰਘ ਦੀ ਮ੍ਰਿਤਕ ਦੇਹ ਉਸ ਦੇ ਘਰ ਨੇੜਿਓਂ ਇਕ ਗਲੀ ਵਿਚੋਂ ਮਿਲੀ ਸੀ। ਹੁਣ ਉਸ ਦੇ ਮੁਕੱਦਮੇ ਦੀ ਅਗਲੀ ਤਰੀਕ 21 ਜੂਨ ਪਾਈ ਗਈ ਹੈ।